# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

## ਦਫਤਰ:ਉਪ ਮੁੱਖ ਇੰਜੀਨੀਅਰ/ਇੰਨਕੁਆਰੀ ਏ-2, ਸ਼ਕਤੀ ਵਿਹਾਰ,ਪਟਿਆਲਾ।

ਦਫਤਰੀ ਹੁਕਮ ਨੰਬਰ/- **25** ਡੀ.ਐਸ.ਆਈ/ਡੀ-155/160 ਮਿਤੀ:- **20.05.2013**

ਜਿਵੇਂ ਕਿ ਸ੍ਰੀ ਰਣਬੀਰ ਕੁਮਾਰ ਸੂਦ ਸੀਨੀਅਰ ਸਹਾਇਕ (ਆਈ.ਡੀ. ਨੰਬਰ 215024) ਜਦੋਂ ਉਹ ਸੁਪਰਡੈਂਟ ਗਜ਼ਟਿਡ-1, ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰ ਵਿਖੇ ਤੈਨਾਤ ਸੀ ਤਾਂ ਉਸ ਵੱਲੋਂ ਆਪਣੀ ਡਿਊਟੀ ਨਿਭਾਉਣ ਸਮੇਂ ਕੀਤੀਆਂ ਅਣਗਹਿਲੀਆਂ/ਕੁਤਾਹੀਆਂ ਕਾਰਨ ਉਸ ਨੂੰ ਦੋਸ ਸੂਚੀ ਨੰਬਰ 06 ਮਿਤੀ 02.07.2012 ਉਸ ਵਿੱਚ ਦਰਸਾਏ ਗਏ ਦੋਸ਼ਾਂ ਲਈ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਗਈ।

ਜਿਵੇਂ ਕਿ ਸ੍ਰੀ ਰਣਬੀਰ ਕੁਮਾਰ ਸੂਦ ਸੀਨੀਅਰ ਸਹਾਇਕ (ਆਈ.ਡੀ. ਨੰਬਰ 215024) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ ਅਤੇ ਉਸ ਵੱਲੋ ਦਿੱਤੇ ਜਵਾਬ ਉਪਰ ਸਬੰਧਿਤ ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ ਪ੍ਰਾਪਤ ਹੋਣ ਉਪਰੰਤ ਕੇਸ ਸਮਰੱਥ ਅਧਿਕਾਰੀ ਸੀ.ਐਮ.ਡੀ. ਪੀ.ਐਸ.ਪੀ.ਸੀ.ਐਲ.,ਪਟਿਆਲਾ ਜੀ ਨੂੰ ਫੈਸਲੇ ਲਈ ਪੇਸ਼ ਕੀਤਾ ਗਿਆ ਅਤੇ ਸਮਰੱਥ ਅਧਿਕਾਰੀ ਜੀ ਵੱਲੋਂ ਇਸ ਕੇਸ ਦੀ ਵਿਭਾਗੀ ਪੜਤਾਲ ਕਰਵਾਉਣ ਦੇ ਆਦੇਸ਼ ਦਿੱਤੇ ਗਏ।

ਜਿਵੇਂ ਕਿ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਉਪ ਸਕੱਤਰ/ਇੰਨਕੁਆਰੀ ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰੀ ਹੁਕਮ ਨੰਬਰ 27/ਡੀ.ਐਸ.ਆਈ.-155/160 ਮਿਤੀ 20.12.2012 ਰਾਹੀਂ ਦੋਸ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਵਿਭਾਗੀ ਪੜਤਾਲ ਕਰਨ ਲਈ ਇੰਜੀ: ਬੀ.ਐਸ. ਅਰੋੜਾ ਨਿਗਰਾਨ ਇੰਜੀਨੀਅਰ ਪਲੈਨਿੰਗ ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਪੜਤਾਲ ਅਫਸਰ ਅਤੇ ਇੰਜੀ: ਰਾਜੇਸ ਗੁਪਤਾ ਏ.ਈ.ਈ. ਨੂੰ ਪੇਸਕਸ ਅਫਸਰ ਨਿਯੁਕਤ ਕੀਤਾ ਗਿਆ।

ਜਿਵੇਂ ਕਿ ਨਿਗਰਾਨ ਇੰਜੀਨੀਅਰ ਪਲੈਨਿੰਗ ਕਮ ਪੜਤਾਲ ਅਫਸਰ, ਪੀ.ਐਸ.ਪੀ.ਸੀ.ਐਲ, ਪਟਿਆਲਾ ਦੇ ਦਫਤਰ ਵੱਲੋਂ ਮੀਮੋ ਨੰਬਰ ਗਸ-11/ਨਿਗ:ਇੰਜੀ: ਪਲੈਨਿੰਗ-3 ਮਿਤੀ 06.03.2013 ਅਨੁਸਾਰ ਕੇਸ ਦੀ ਪੜਤਾਲ ਕਰਕੇ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਅਤੇ ਇਹ ਪੜਤਾਲ ਰਿਪੋਰਟ ਇਸ ਦਫਤਰ ਦੇ ਮੀਮੋ ਨੰਬਰ 272 ਮਿਤੀ 07.03.2013 ਅਨੁਸਾਰ ਰੀਬਟਲ ਲਈ ਕਰਮਚਾਰੀ ਨੂੰ ਦਸਤੀ ਭੇਜੀ ਗਈ ਅਤੇ ਕਰਮਚਾਰੀ ਦਾ ਰੀਬਟਲ ਮਿਤੀ 18.04.2013 ਨੂੰ ਇਸ ਦਫਤਰ ਵਿਖੇ ਪ੍ਰਾਪਤ ਹੋ ਗਿਆ।

ਜਿਵੇ ਕਿ ਸ੍ਰੀ ਰਣਬੀਰ ਕੁਮਾਰ ਸੂਦ ਸੀਨੀਅਰ ਸਹਾਇਕ (ਆਈ.ਡੀ. ਨੰਬਰ 215024) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ,ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ,ਇੰਨਕੁਆਰੀ ਅਫਸਰ ਦੀ ਪੜਤਾਲ ਰਿਪੋਰਟ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਸੀ.ਐਮ.ਡੀ.,ਪੀ.ਐਸ.ਪੀ.ਸੀ.ਐਲ., ਪਟਿਆਲਾ ਜੀ ਵੱਲੋਂ ਕਰਮਚਾਰੀ ਸ੍ਰੀ ਰਣਬੀਰ ਕੁਮਾਰ ਸੂਦ ਸੀਨੀਅਰ ਸਹਾਇਕ (ਆਈ.ਡੀ. ਨੰਬਰ 215024) ਨੂੰ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਦੀ ਪੈਨਸ਼ਨ ਵਿੱਚੋ 10% ਕੱਟ ਪ੍ਰਤੀ ਮਹੀਨੇ ਦੀ ਦਰ ਨਾਲ 2 ਸਾਲ ਦੇ ਸਮੇਂ ਲਈ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਇਸ ਲਈ ਇਸ ਦਫਤਰੀ ਹੁਕਮ ਰਾਹੀ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੇ ਹੁਕਮ ਦੀ ਪਾਲਣਾ ਕਰਦੇ ਹੋਏ ਸ੍ਰੀ ਰਣਬੀਰ ਕੁਮਾਰ ਸੂਦ ਸੀਨੀਅਰ ਸਹਾਇਕ (ਆਈ.ਡੀ. ਨੰਬਰ 215024) ਦੀ ਪੈਨਸ਼ਨ ਵਿੱਚੋਂ 10% ਕੱਟ ਪ੍ਰਤੀ ਮਹੀਨੇ ਦੀ ਦਰ ਨਾਲ 2 ਸਾਲਾਂ ਲਈ ਲਗਾਉਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀਨੀਅਰ/ਇੰਨਕੁਆਰੀ,
ਪੀ.ਐਸ.ਪੀ.ਸੀ.ਐਲ, ਪਟਿਆਲਾ।

ਪਿੰਠ ਅੰਕਣ ਨੰਬਰ/- **440/451** ਡੀ.ਐਸ.ਆਈ/ਡੀ-155/160 **20.05.2013**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸੀਨੀਅਰ ਪੀ.ਐਸ.ਟੂ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
2) ਸੀਨੀਅਰ ਪੀ.ਐਸ. ਟੂ ਡਾਇਰੈਕਟਰ ਜਨਰੇਸ਼ਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਪੀ.ਐਸ. ਟੂ ਪ੍ਰਮੁੱਖ ਇੰਜੀਨੀਅਰ, ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
4) ਸੰਯੁਕਤ ਸਕੱਤਰ ਸੇਵਾਵਾਂ-3, ਪੀ.ਐਸ.ਪੀ.ਸੀ.ਐਲ., ਪਟਿਆਲਾ।
5) ਉਪ ਮੁੱਖ ਇੰਜੀਨੀਅਰ/ਆਈ.ਟੀ., ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜ ਕੇ ਲਿਖਿਆ ਜ਼ਾਦਾ ਹੈ ਕਿ ਇਸ ਦਫਤਰੀ ਹੁਕਮ ਨੂੰ ਪੀ.ਐਸ.ਪੀ.ਸੀ.ਐਲ., ਦੀ ਵੈਬ ਸਾਈਟ ਤੇ ਅੱਪ ਲੋਡ ਕੀਤਾ ਜਾਵੇ।
6) ਸੁਪਰਡੈਂਟ ਬਿਲ ਭਾਗ-1 ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਪੰਨਾ ਨੰਬਰ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
7) ਲੇਖਾ ਅਫਸਰ ਪੈਨਸ਼ਨ ਸ਼ਾਖਾ, ਪੀ.ਐਸ.ਪੀ.ਸੀ.ਐਲ., ਪਟਿਆਲਾ।
8) ਸੁਪਰਡੈਂਟ ਪੈਨਸ਼ਨ/ ਪੀ.ਐਸ.ਪੀ.ਸੀ.ਐਲ., ਪਟਿਆਲਾ।
9) ਏ.ਐਮ.ਐਚ.ਆਰ./ਗਜ਼ਟੀ ਭਾਗ-1, ਪੀ.ਐਸ.ਪੀ.ਸੀ.ਐਲ., ਪਟਿਆਲਾ।
10) ਏ.ਐਮ.ਐਚ.ਆਰ./ਈ.ਐਨ.ਜੀ.-1, ਪੀ.ਐਸ.ਪੀ.ਸੀ.ਐਲ., ਪਟਿਆਲਾ।
11) ਸੁਪਰਡੈਂਟ/ਬੋਰਡ ਭਾਗ, ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨੱਥੀ ਦਫਤਰੀ ਹੁਕਮ ਦੀ ਕਾਪੀ ਕਰਮਚਾਰੀ ਨੂੰ ਸੋਂਪ ਕੇ ਉਸ ਦੀ ਮਿਤੀਬੱਧ ਪ੍ਰਾਪਤੀ ਰਸੀਦ ਪ੍ਰਤੀ-ਹਸਤਾਖਰ ਕਰਨ ਉਪਰੰਤ ਇਸ ਦਫਤਰ ਵਿਖੇ ਭੇਜੀ ਜਾਵੇ।
12) ਸ੍ਰੀ ਰਣਬੀਰ ਕੁਮਾਰ ਸੂਦ ਸੀਨੀਅਰ ਸਹਾਇਕ ਮਾਰਫਤ/ਸੁਪਰਡੈਂਟ/ਬੋਰਡ ਭਾਗ, ਪੀ.ਐਸ.ਪੀ.ਸੀ.ਐਲ. ਪਟਿਆਲਾ।

ਨੱਥੀ/01 ਲੜੀ ਨੰ: 11 ਲਈ।

ਉਪ ਮੁੱਖ ਇੰਜੀਨੀਅਰ /ਇੰਨਕੁਆਰੀ,
ਪੀ.ਐਸ.ਪੀ.ਸੀ.ਐਲ. ਪਟਿਆਲਾ।